# ਦਿਲ ਦੇ ਮਰਜ਼ ਦਾ ਇਲਾਜ

ਮੁੱਠੀ ਮੀਟੋ। ਇਹਦੇ ਵੱਲ ਵੇਖੋ। ਤੁਹਾਡੇ ਸੀਨੇ ’ਚ ਮੁੱਠੀ ਦੇ ਅਕਾਰ ਦੀ $5^{1/2}$ x $3^{1/2}$ x $2^{1/2}$ ਇੰਚ ਦੀ ਇਕ ਖੋਖਲੀ ਮਾਸਪੇਸ਼ੀ ਹੈ। ਬੰਦਿਆਂ ਵਿਚ ਇਹ ਲਗਭਗ 11 ਔਂਸ [ਯਾਨੀ 300 ਗ੍ਰਾਮ] ਹੁੰਦਾ ਹੈ; ਜਦ ਕਿ ਔਰਤਾਂ ਵਿਚ ਸਿਰਫ਼ 9 ਔਂਸ [ਯਾਨੀ 250 ਗ੍ਰਾਮ] ਹੁੰਦਾ ਹੈ। ਇਹ ਚੌਵ੍ਹੀ ਘੰਟੇ ਪੂਰੇ ਜਿਸਮ ਵਿਚ ਲਗਭਗ ਪੰਜ ਲੀਟਰ ਖ਼ੂਨ ਸੰਚਾਰ ਕਰਦਾ ਹੈ। ਅਸੀਂ ਜਾਗ ਰਹੇ ਹੋਏ ਜਾਂ ਸੌਂ ਰਹੇ ਇਹ ਰੋਜ਼ ਲਗਭਗ 1,00,000 ਵਾਰ ਧੜਕਦਾ ਹੈ। ਇਹ ਪੂਰੇ ਜਿਸਮ ਵਿਚ ਭੋਜਨ ਅਤੇ ਆਕਸੀਜਨ ਲਿਜਾ ਕੇ ਸਰੀਰ ਨੂੰ ਜ਼ਿੰਦਾ ਅਤੇ ਚੁਸਤ ਰੱਖਣ ਲਈ ਮਲ ਆਦਿ ਕੱਢਦੇ ਹੋਏ ਕਰੀਬ ਇਕ ਲੱਖ ਨਾੜੀਆਂ ਨਾਲ ਜੁੜਿਆ ਹੋਇਆ ਹੈ। ਡਾਕਟਰ ਇਸ ਅੰਗ ’ਤੇ ਜਨਮ ਤੋਂ ਪਹਿਲਾਂ ਤੋਂ ਮੌਤ ਤਕ ਨਜ਼ਰ ਰੱਖਦੇ ਹਨ। ਹਾਂ, ਮੈਂ ਸਰੀਰਕ ਜੀਵਨ ਦੇ ਅਹਿਮ ਭਾਗ ਦਿਲ ਦੀ ਹੀ ਗੱਲ ਕਰ ਰਿਹਾ ਹਾਂ।

ਜਿਵੇਂ ਜਿਸਮਾਨੀ ਸਿਹਤ ਲਈ ਦਿਲ ਅਹਿਮ/ਜ਼ਰੂਰੀ ਹੈ, ਓਸੇ ਤਰ੍ਹਾਂ ਰੂਹਾਨੀ ਸਿਹਤ ਲਈ *ਰੂਹਾਨੀ* ਦਿਲ ਹੈ।[1] ਰੂਹਾਨੀ ਦਿਲ ਨਜ਼ਰ ਨਹੀਂ ਆਉਂਦਾ। ਜੇ ਇਹਨੂੰ ਹੱਥ ਵਿਚ ਫੜ੍ਹਿਆ ਜਾ ਸਕਦਾ ਹੁੰਦਾ ਤਾਂ ਵੀ ਤੁਸੀਂ ਇਹਨੂੰ ਵੇਖ ਨਹੀਂ ਸਕਦੇ ਸੀ। ਵੱਡੇ ਤੋਂ ਵੱਡੇ ਸਰਜਨ (ਆਪ੍ਰੇਸ਼ਨ ਕਰਨ ਵਾਲੇ ਡਾਕਟਰ) ਕੋਲ ਅਜਿਹਾ ਬਲੇਡ ਨਹੀਂ ਹੈ ਜੋ ਇਹਨੂੰ ਛੂਹ ਵੀ ਸਕੇ। ਪਰ ਜਿਵੇਂ ਜਿਸਮਾਨੀ ਦਿਲ ’ਤੇ ਡਾਕਟਰ ਲਗਾਤਾਰ ਨਜ਼ਰ ਰੱਖਦੇ ਹਨ, ਓਸੇ ਤਰ੍ਹਾਂ ਰੂਹਾਨੀ ਦਿਲ ’ਤੇ ਖ਼ੁਦਾ ਦਾ ਧਿਆਨ ਰਹਿੰਦਾ ਹੈ। ਦਿਲ ਦੇ ਧੜਕਨ ਨਾਲ ਹੀ ਅਸੀ ਜ਼ਿੰਦਾ ਰਹਿੰਦੇ ਹਾਂ।

## ਰੂਹਾਨੀ ਦਿਲ ਦੀ ਪਰਿਭਾਸ਼ਾ

ਖ਼ੁਦਾ ਲਈ ਦਿਲ ਯਾਨੀ ਮਨ ਦੀ ਕਿੰਨੀ ਅਹਿਮੀਅਤ ਹੈ? ਮੇਰੇ ਕੋਲ ਸਭ ਤੋਂ ਵੱਡੀ ਕਿਤਾਬ ਜੋ ਹੈ ਉਹ *ਯੰਗ’ਸ ਅਨੈਲਿਟਿਕਲ ਕੰਕੌਰਡੈਂਸ ਟੂ ਦ ਬਾਈਬਲ* ਹੈ। ਇਹ ਇਕ ਤਫ਼ਸੀਲੀ ਕੰਕੌਰਡੈਂਸ ਹੈ ਜਿਸ ਤੋਂ ਭਾਵ ਹੈ ਕਿ ਇਸ ਵਿਚ ਬਾਈਬਲ ਦਾ ਹਰ ਸ਼ਬਦ ਵਰਣਮਾਲਾ ਦੇ ਮੁਤਾਬਕ ਮਿਲ ਜਾਂਦਾ ਹੈ। ਇਹਦੇ ਵੱਡੇ-ਵੱਡੇ ਸਫ਼ਿਆਂ ’ਤੇ ਕਈ ਕਾਲਮ ਹਨ ਅਤੇ ਛਪਾਈ ਐਨੀ ਬਰੀਕ ਹੈ ਕਿ ਪੜ੍ਹਨ ਲਈ ਤੁਹਾਨੂੰ ਮੈਗਨੀਫਾਈਂਗ ਗਲਾਸ ਦੀ ਲੋੜ ਪੈ ਸਕਦੀ ਹੈ। ਇਸ ਕਿਤਾਬ ਵਿਚ “ਦਿਲ” ਸ਼ਬਦ ਦੀ ਵਿਆਖਿਆ ਲਈ ਪੂਰੇ ਤਿੰਨ ਸਫ਼ੇ ਦਿੱਤੇ ਗਏ ਹਨ। ਯਾਨੀ ਇਹਦੇ ਇਕ ਹਜ਼ਾਰ ਤੋਂ ਵੱਧ ਹਵਾਲੇ ਹਨ!

ਆਓ ਉਨ੍ਹਾਂ ਹਵਾਲਿਆਂ ਵਿੱਚੋਂ ਇਕ ਵੇਖਦੇ ਹਾਂ ਜੋ ਮੇਰੀ ਗੱਲ ਦੀ ਤਸਦੀਕ ਬੜੀ ਖ਼ੂਬਸੂਰਤੀ ਨਾਲ ਕਰਦਾ ਹੈ:

> ਪਰ ਯਹੋਵਾਹ ਨੇ ਸਮੂਏਲ ਨੂੰ ਆਖਿਆ, ਉਹ ਦੇ ਮੂੰਹ ਅਤੇ ਉਹ ਦੀ ਲੰਮਾਣ ਵੱਲ ਨਾ ਵੇਖ ਕਿਉਂ ਜੋ ਉਹ ਨੂੰ ਮੈਂ ਨਹੀਂ ਮੰਨਿਆ ਯਾਵਾਹ ਜੋ ਮਨੁੱਖ ਵਾਂਗੂ ਨਹੀਂ ਵੇਖਦਾ।

> ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ ਪਰ ਯਹੋਵਾਹ ਹਿਰਦੇ ਨੂੰ ਵੇਖਦਾ ਹੈ (1 ਸਮੂਏਲ 16:7)।

ਇਬਰਾਨੀ ਸ਼ਬਦ ਦੇ ਅਨੁਵਾਦ ''ਲੰਮਾਣ'' ਦਾ ਸ਼ਬਦੀ ਅਰਥ ''ਸ਼ਕਲ'' ਹੈ। ਖ਼ੁਦਾ ਨੇ ਸਮੂਏਲ ਨੂੰ ਬਾਹਰੀ ਰੂਪ ਨਾ ਵੇਖਣ ਲਈ ਕਿਹਾ। ਆਦਮੀ ਸ਼ਕਲ ਵੇਖ ਕੇ ਨਿਆਂ ਕਰਦਾ ਹੈ, ਪਰ ''ਖ਼ੁਦਾ ਮਨ ਨੂੰ ਵੇਖਦਾ ਹੈ'' ਜੋ ਸਾਡੀ ਹੋਂਦ ਦਾ ਅਦਿੱਖ, ਅਮੂਰਤ ਅਤੇ ਮੁੱਖ ਭਾਗ ਹੁੰਦਾ ਹੈ। ਇਹ ਉੱਥੇ ਹੁੰਦਾ ਹੈ ਜਿੱਥੋਂ ਵੇਖ ਸਕਦਾ ਹੈ ਕਿ ਸਾਨੂੰ ਕੀ ਪਸੰਦ ਹੈ ਅਤੇ ਅਸੀਂ ਕਿਸ ਤੋਂ ਨਫ਼ਰਤ ਕਰਦੇ ਹਾਂ, ਕਿਸ ਵਿਚ ਦਿਲਚਸਪੀ ਲੈਂਦੇ ਹਾਂ ਅਤੇ ਕਿਸ ਵਿਚ ਨਹੀਂ, ਸੱਚੇ ਦਿਲੋਂ ਕੋਈ ਕੰਮ ਕਰ ਰਹੇ ਹਾਂ ਜਾਂ ਨਹੀਂ।

ਲਿਖਤ ਵਿਚ ਤੰਦਰੁਸਤ ਮਨਾਂ ਨੂੰ ਕਈ ਨਾਂਅ ਦਿੱਤੇ ਗਏ ਹਨ: ਸਿੱਧਾ ਮਨ, ਸ਼ੁੱਧ ਮਨ, ਰਹਿਮ ਭਰਿਆ ਮਨ, ਵਡਿਆਈ ਕਰਨ ਵਾਲਾ ਮਨ, ਤਾਰੀਫ਼ ਗਾਉਣ ਵਾਲਾ ਮਨ ਜੋ ਦਵਾਈ ਵਰਗਾ ਹੈ, ਖ਼ੁਸ਼ ਮਨ, ਸਮਝ ਨਾਲ ਭਰਿਆ ਮਨ, ਤਿਆਰ ਮਨ ਅਤੇ ਹੋਰ ਵੀ ਕਈ ਤਰ੍ਹਾਂ ਦੇ ਮਨ ਹਨ। ਬੀਮਾਰ ਮਨਾਂ ਨੂੰ ਸਖ਼ਤ, ਢੀਠ, ਦੋ ਚਿੱਤੇ, ਧੋਖੇਬਾਜ਼ ਅਤੇ ਘਮੰਡੀ ਕਿਹਾ ਗਿਆ ਹੈ। ਬੁੱਤਪ੍ਰਸਤਾਂ ਨੂੰ ਅਜਿਹੇ ਲੋਕ ਕਿਹਾ ਗਿਆ ਹੈ ਜਿਨ੍ਹਾਂ ਦੇ ਮਨ ਹੋਰ ਦੇਵਤਿਆਂ ਵੱਲ ਮੁੜ ਗਏ ਹਨ। ਸਭ ਤੋਂ ਮਾੜੀ ਹਾਲਤ ਵਿਚ ਬੀਮਾਰ ਮਨ ਨੂੰ ਅੰਨ੍ਹਾ ਕਿਹਾ ਗਿਆ ਹੈ।

''ਮਨ'' ਸ਼ਬਦ ਦੇ ਸੰਖੇਪ ਅਧਿਐਨ ਤੋਂ ਪਤਾ ਲੱਗ ਸਕਦਾ ਹੈ ਕਿ ਸਾਡਾ ਅਧਿਐਨ ਕਿੰਨਾ ਮਹੱਤਵਪੂਰਨ ਹੈ। ਇਬਰਾਨੀ ਭਾਸ਼ਾ ਵਿਚ ''ਮਨ'' ਨੂੰ *lebab* ਕਿਹਾ ਗਿਆ ਹੈ: ਰੌਬਰਟ ਗਰਡਲਸਟੋਨ ਨੇ *ਸਿਨੋਨਿਮਸ ਆਫ਼ ਦ ਓਲਡ ਟੈਸਟਾਮੈਂਟ* ਵਿਚ ਇਸ ਸ਼ਬਦ 'ਤੇ ਚਰਚਾ ਕੀਤੀ ਹੈ:

> [ਮਨ] ਵਿਚ ਨਾ ਸਿਰਫ਼ ਉਦੇਸ਼, ਭਾਵਨਾਵਾਂ, ਜਜ਼ਬਾਤ ਅਤੇ ਖ਼ਾਹਿਸ਼ਾਂ ਹੀ, ਸਗੋਂ ਇੱਛਾ, ਟੀਚਾ, ਸਿਧਾਂਤ, ਵਿਚਾਰ ਅਤੇ ਸਮਝ ਵੀ ਸ਼ਾਮਿਲ ਹੈ। ਅਸਲ 'ਚ ਇਸ ਵਿਚ ਪੂਰਾ ਅੰਦਰੂਨੀ ਮਨੁੱਖ ਆ ਜਾਂਦਾ ਹੈ, ਬੁੱਧ ਦੇ ਤਖ਼ਤ ਦੇ ਤੌਰ 'ਤੇ ਸਿਰ ਨੂੰ ਸਗੋਂ ਮਨ ਨੂੰ ਮਾਨਤਾ ਦਿੱਤੀ ਜਾਂਦੀ ਹੈ। ਪੂਰੇ ਕੰਮ ਦੇ ਵਸੀਲੇ ਅਤੇ ਜਜ਼ਬਾਤ ਦੇ ਕੇਂਦਰ ਦੇ ਤੌਰ 'ਤੇ ਵੀ ਮਨ ਨੂੰ ਹਰ ਤਰ੍ਹਾਂ ਦੇ ਪ੍ਰਭਾਵ ਗ੍ਰਹਿਣ ਕਰਨ ਵਾਲਾ ਮੰਨਿਆ ਜਾਂਦਾ ਹੈ, ਉਹ ਪ੍ਰਭਾਵ ਭਾਵੇਂ ਦੁਨੀਆਂ ਦੇ ਹੋਣ ਜਾਂ ਖ਼ੁਦਾ ਦੇ।[2]

ਨਵੇਂ ਨੇਮ ਦਾ ਪੂਰਕ ਸ਼ਬਦ *kardia* (ਕਾਰਡੀਆ) ਹੈ। ਜਿਸ ਤੋਂ ਅੰਗ੍ਰੇਜ਼ੀ ਸ਼ਬਦ ''ਕਾਰਡੀਓਲੋਜਿਸਿਟ,'' ''ਕਾਰਡੀਅਕ ਅਰੈਸਟ,'' ਅਤੇ ''ਕਾਰਡੀਓਗ੍ਰਾਮ'' ਨਿੱਕਲੇ ਹਨ। ਨੌਂ ਅੰਕਾਂ ਵਾਲੀ ਆਪਣੀ ਕਿਤਾਬ *ਥਿਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ* ਵਿਚ ਕਿੱਟਲ ਨੇ *ਕਾਰਡੀਆ* ਸ਼ਬਦ ਦਾ ਅਰਥ ਲੱਭ ਕੇ ਟਿੱਪਣੀ ਕੀਤੀ ਹੈ:

> ਦਿਲ ਇਨਸਾਨ ਦੀ ਅੰਦਰੂਨੀ ਜ਼ਿੰਦਗੀ ਦਾ ਕੇਂਦਰ ਅਤੇ ਸਾਰੀ ਸ਼ਕਤੀ ਅਤੇ ਪ੍ਰਾਣ ਅਤੇ ਆਤਮਾ ਦੇ ਕੰਮਾਂ ਦਾ ਸੋਮਾ ਹੈ। ਜਿਸ ਨੂੰ ਨਵੇਂ ਨੇਮ ਵਿਚ ਕਈ ਤਰ੍ਹਾਂ ਨਾਲ ਸਾਬਤ ਕੀਤਾ ਗਿਆ ਹੈ। ੳ. ਮਨ ਵਿਚ ਭਾਵਨਾਵਾਂ ਅਤੇ ਜਜ਼ਬਾਤ, ਇੱਛਾਵਾਂ ਅਤੇ ਜੋਸ਼ ਰਹਿੰਦੇ ਹਨ। ਅਨੰਦ, ... ਤਕਲੀਫ਼ ਅਤੇ ਸੋਗ, ... ਪਿਆਰ, ... ਇੱਛਾ, ... ਅ. ਮਨ ਵਿਚ ਸਮਝ ਰਹਿੰਦੀ ਹੈ ਜਿਸ ਤੋਂ ਵਿਚਾਰ ਅਤੇ ਜਜ਼ਬਾਤ ਮਿਲਦੇ ਹਨ। ... ੲ.

> ਮਨ ਵਿਚ ਇੱਛਾ ਹੁੰਦੀ ਹੈ ਜਿਸ ਤੋਂ ਇਰਾਦੇ ਨਿੱਕਲਦੇ ਹਨ। ਇੰਜ [ਕਾਰਡੀਆ] ਮਨੁੱਖ ਦੇ ਬਾਹਰੀ ਪੱਖ ਦੀ ਬਜਾਏ ਉਹਦੇ ਅੰਦਰੂਨੀ ਪੱਖ ਨੂੰ ਦੱਸਦਾ ਹੈ, ... ਇਸ ਤਰ੍ਹਾਂ ਮਨੁੱਖ ਵਿਚ ਦਿਲ ਦੀ ਸਭ ਤੋਂ ਉੱਚੀ ਥਾਂ ਹੈ। ਜਿਹਦੀ ਕੋਲ ਖ਼ੁਦਾ ਆਉਂਦਾ ਹੈ, ਜਿਸ ਵਿਚ ਧਾਰਮਿਕ ਜੀਵਨ ਹੈ, ਜਿਸ ਨਾਲ ਉਹਦਾ ਸਦਾਚਾਰੀ ਵਿਹਾਰ ਤੈਅ ਹੁੰਦਾ ਹੈ।[3]

ਜ਼ਿੰਦਗੀ ਵਿਚ ਖ਼ੁਦਾ ਦੀ ਮਰਜ਼ੀ ਲਈ, ਖ਼ੁਦਾ ਦੀ ਇੱਛਾ ਲਈ ਅਤੇ ਖ਼ੁਦਾ ਦੇ ਮਕਸਦ ਲਈ ਜਿਵੇਂ ਤੁਹਾਡਾ ਦਿਲ ਚੱਲੇਗਾ ਤੁਸੀਂ ਵੀ ਓਵੇਂ ਹੀ ਚੱਲੋਗੇ। ਸਰੀਰਕ ਦਿਲ ਦੇ ਪ੍ਰਭਾਵਿਤ ਹੋਣ ਨਾਲ ਪੂਰਾ ਸਰੀਰ ਪ੍ਰਭਾਵਿਤ ਹੁੰਦਾ ਹੈ। ਇਸੇ ਤਰ੍ਹਾਂ ਸਾਡਾ ਰੂਹਾਨੀ ਦਿਲ ਯਾਨੀ ਮਨ ਜਦੋਂ ਸਖ਼ਤ, ਜ਼ਿੱਦੀ ਅਤੇ ਬੀਮਾਰ ਹੁੰਦਾ ਹੈ ਤਾਂ ਖ਼ੁਦਾ ਨਾਲ ਸਾਡਾ ਚੱਲਣਾ ਵੀ ਪ੍ਰਭਾਵਿਤ ਹੁੰਦਾ ਹੈ।

ਤੁਹਾਡੇ ਦਿਲ ਦੀ ਅਸਲੀ ਹਾਲਤ ਵਿਖਾਉਣ ਲਈ ਹੁਣ ਤਕ ਕਿਸੇ ਇਨਸਾਨੀ ਸੰਦ ਦੀ ਖੋਜ ਨਹੀਂ ਹੋ ਸਕੀ ਹੈ। ਸਾਡੇ ਵਿੱਚੋਂ ਕੋਈ ਵੀ ਕਿਸੇ ਦੂਜੇ ਦੇ ਦਿਲ ਵਿਚ ਤਾਂ ਝਾਕ ਨਹੀਂ ਸਕਦਾ ਹੈ, ਪਰ ਖ਼ੁਦਾ ਨੇ ਸਾਨੂੰ ਇਕ ਅਜਿਹਾ ਔਜਾਰ ਦਿੱਤਾ ਹੈ ਜਿਹਦੇ ਨਾਲ ਅਸੀਂ ਆਪਣੇ ਮਨਾਂ ਵਿਚ ਝਾਕ ਸਕਦੇ ਹਾਂ, ਉਸ ਔਜਾਰ ਨੂੰ ਬਾਈਬਲ ਆਖਦੇ ਹਨ। ਲਿਖਿਆ ਹੈ:

> ਕਿਉਂ ਜੋ ਪ੍ਰਮੇਸ਼ਵਰ ਦਾ ਵਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ (ਇਬਰਾਨੀਆਂ 4:12)।

ਖ਼ੁਦਾ ਉਸ ਨਸ਼ਤਰ (ਸਰਜਨ ਦੀ ਛੁਰੀ) ਨਾਲ ਹਰ ਰੋਜ਼ ''ਓਪਨ ਹਾਰਟ ਸਰਜਰੀ'' ਕਰਦਾ ਹੈ।

ਜਦ ਬਾਈਬਲ ਸਾਡੇ ਦਿਲ ਦੀਆਂ ਬੀਮਾਰੀਆਂ ਵਿਖਾ ਦਿੰਦੀ ਹੈ, ਤਾਂ ਸਾਨੂੰ ਓਸ ਤੋਂ ਮੁੱਕਰਨ ਵਿਚ ਚੌਕਸੀ ਵਰਤਣ ਦੀ ਲੋੜ ਹੁੰਦੀ ਹੈ। ਸ਼ੁਰੂ-ਸ਼ੁਰੂ ਵਿਚ ਬਹੁਤੇ ਲੋਕ ਹਾਰਟ-ਅਟੈਕ ਦੀ ਗੱਲ ਤੋਂ ਇਨਕਾਰ ਕਰਦੇ ਹਨ: ''ਮੈਨੂੰ ਕੁਝ ਨਹੀਂ ਹੋਇਆ। ਮੈਂ ਬਿਲਕੁਲ ਠੀਕ ਹਾਂ। ਇਹ ਤਾਂ ਕੋਈ ਭੈੜਾ ਸੁਪਨਾ ਸੀ, ਜਾਂ ਖਾਣੇ ਵਿਚ ਕੋਈ ਗੜਬੜ ਸੀ!'' ਇਸ ਦੁਨੀਆਂ ਦਾ ਹਰ ਦਬਾਅ ਸਾਡੇ ਦਿਲਾਂ ਨੂੰ ਖ਼ੁਦਾ ਤੋਂ ਦੂਰ ਕਰਕੇ ਦੁਖੀ ਕਰ, ਉਹਦੀ ਮਰਜ਼ੀ ਬਾਰੇ ਸਾਡੇ ਮਨਾਂ ਨੂੰ ਸਖ਼ਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਜਦ ਸਾਡੇ ਨਾਲ ਇੰਜ ਹੁੰਦਾ ਹੈ, ਤਾਂ ਅਸੀਂ ਪਹਿਲੀ ਵਾਰ ਇਨਕਾਰ ਕਰਦੇ ਹਾਂ ਕਿ ਸਾਡੇ ਨਾਲ ਕੁਝ ਹੋਇਆ ਹੈ। ਅਗਲੇ ਕੁਝ ਮਿੰਟਾਂ ਵਿਚ ਓਸ ਇਨਕਾਰ ਬਾਰੇ ਖ਼ਬਰਦਾਰ ਹੋ ਜਾਓ, ਕਿਉਂਕਿ ਅਸੀਂ ਉਨ੍ਹਾਂ ਦੋ ਆਇਤਾਂ ਵੱਲ ਜਾ ਰਹੇ ਹਾਂ ਜਿਨ੍ਹਾਂ ਵਿਚ ਸਾਡੇ ਦਿਲ ਦੀਆਂ ਵੱਡੀਆ ਸੱਚਾਈਆਂ ਮਿਲਦੀਆਂ ਹਨ।

## ਰੂਹਾਨੀ ਦਿਲ ਦਾ ਇਲਾਜ

### ਯਸਾਯਾਹ 29

ਪਹਿਲਾਂ ਯਸਾਯਾਹ 29 ਵਿਚ ਜਾਂਦੇ ਹਾਂ। ਇਸ ਆਇਤ ਨੂੰ ਅਸੀਂ ਬਾਈਬਲ ਮੁਤਾਬਕ

ਕਾਰਡੀਓਗ੍ਰਾਮ ਲੈਣ ਲਈ ਵਰਤ ਸਕਦੇ ਹਾਂ। ਭਾਵੇਂ ਮੈਂ ਤੁਹਾਨੂੰ ਆਪਣੇ ਮਨ ਦੀ ਹਾਲਤ ਤਾਂ ਨਹੀਂ ਦੱਸ ਸਕਦਾ, ਪਰ ਮੈਂ ਤੁਹਾਨੂੰ ਇਹ ਔਜ਼ਾਰ ਵਿਖਾ ਸਕਦਾ ਹਾਂ ਜੋ ਇਹ ਵਿਸ਼ਲੇਸ਼ਣ ਕਰਨ ਵਿਚ ਤੁਹਾਡੀ ਮਦਦ ਕਰੇਗਾ। ਤੁਹਾਨੂੰ ਆਪਣਾ ਕਾਰਡੀਓਗ੍ਰਾਮ ਪੜ੍ਹ ਲੈਣਾ ਚਾਹੀਦਾ ਹੈ। ਤੁਹਾਨੂੰ ਆਪਣੇ ਮਨ ਦੀ ਸਿਹਤ ਲਈ ਖ਼ੁਦਾ ਅੱਗੇ ਈਮਾਨਦਾਰੀ ਨਾਲ ਜਵਾਬ ਦੇਣ ਦੀ ਲੋੜ ਹੈ।

ਯਸਾਯਾਹ 29 ''ਹਾਏ'' ਦੀਆਂ ਗੱਲਾਂ ਦੇ ਸੰਦਰਭ ਵਿਚ ਨਬੀ ਵੱਲੋਂ ਦਿੱਤਾ ਗਿਆ ਹੈ। ਅਧਿਆਇ 28 ਤੋਂ 33 ਵਿਚ ਸਿਰਫ਼ ਇੱਕੋ ਅਧਿਆਇ ''ਹਾਏ'' ਸ਼ਬਦ ਦੇ ਬਗ਼ੈਰ ਸ਼ੁਰੂ ਹੁੰਦਾ ਹੈ:

> ਹਾਏ ਇਫ਼ਰਾਈਮ ਦੇ ਸ਼ਰਾਬੀਆਂ ਤੇ ਘੁਮੰਡ ਦੇ ਮੁਕਟ 'ਤੇ (ਯਸਾਯਾਹ 28:1)।
>
> ਹਾਏ ਅਰੀਏਲ 'ਤੇ, ਪ੍ਰਮੇਸ਼ਵਰ ਦੀ ਸ਼ੇਰਨੀ 'ਤੇ! ਓਸ ਨਗਰ 'ਤੇ ਜਿੱਥੇ ਦਾਊਦ ਨੇ ਡੇਰਾ ਲਾਇਆ (ਯਸਾਯਾਹ 29:1ੳ; ''ਅਰੀਏਲ'' ਯਰੂਸ਼ਲਮ ਨੂੰ ਕਿਹਾ ਗਿਆ ਲੱਗਦਾ ਹੈ।
>
> ਹਾਏ ਆਕੀ ਬਾਲਕਾਂ ਉੱਤੇ! ਯਹੋਵਾਹ ਦਾ ਵਾਕ ਹੈ (ਯਸਾਯਾਹ 30:1)।
>
> ਹਾਏ ਉਨ੍ਹਾਂ ਉੱਤੇ ਜਿਹੜੇ ਸਹਾਇਤਾ ਲਈ ਮਿਸਰ ਨੂੰ ਜਾਂਦੇ ਹਨ (ਯਸਾਯਾਹ 31:1ੳ)।
>
> ਵੇਖੋ, ਇਕ ਬਾਦਸ਼ਾਹ ਧਰਮ ਨਾਲ ਬਾਦਸ਼ਾਹੀ ਕਰੇਗਾ, ਅਤੇ ਸਰਦਾਰ ਨਿਆਂ ਨਾਲ ਸਰਦਾਰੀ ਕਰਨਗੇ (ਯਸਾਯਾਹ 32:1; ਇਹੀ ਆਇਤ ਇਕ ਅਪਵਾਦ ਹੈ)।
>
> ਹਾਏ ਲੁਟੇਰਿਆ ਤੇਰੇ ਉੱਤੇ ... ਜਦ ਤੂੰ ਲੁੱਟ ਚੁਕਿਆ ਤਾਂ ਤੂੰ ਲੁੱਟਿਆ ਜਾਵੇਂਗਾ (33:1)।

ਇੱਥੇ ਸਾਨੂੰ ਆਖ਼ਰੀ ਦਿਨ ਦੀਆਂ ਗੱਲਾਂ ਦੀ ਇਕ ਲੜੀ ਮਿਲਦੀ ਹੈ। ਯਸਾਯਾਹ ਨੇ ਇਹ ਕਹਿੰਦਿਆਂ ਕਿ ''ਮੁਸੀਬਤ ਨੇੜੇ ਹੈ, ਜਾਗ ਜਾਓ!'' ਇਸਰਾਏਲ ਦੀ ਸਖ਼ਤ ਦਿਲੀ ਵੱਲ ਇਸ਼ਾਰਾ ਕੀਤਾ। ਉਹਨੇ ਪਵਿੱਤਰ ਲਿਖਤ ਵਿਚ ਬੜੀ ਸਹਿਜਤਾ ਨਾਲ ਲਿਖ ਦਿੱਤਾ, ਪਰ ਜਦ ਅਸੀਂ ਇਕ-ਇਕ ਅਧਿਆਇ ਭਾਵ ਇਕ-ਇਕ ਤਕਲੀਫ਼ ਨੂੰ ਪੜ੍ਹਦੇ ਹਾਂ ਤਾਂ ਰਹਿਮ ਦਾ ਇਕ ਵੱਡਾ ਦਰਿਆ ਛਲਕਦਾ ਹੈ।

ਅਧਿਆਇ 29 ਦੇ ਵਿਚ, ਆਇਤ 13 ਤੋਂ ਲੈ ਕੇ ਇਸ ਨਬੀ ਦੀਆਂ ਗੱਲਾਂ ਬੜੀਆਂ ਨਿੱਜੀ ਹੋ ਗਈਆਂ ਸਨ। ਇਲਾਜ਼ 'ਤੇ ਜ਼ੋਰ ਦੇਣ ਤੋਂ ਪਹਿਲਾਂ ਆਏ ਲੱਛਣਾਂ 'ਤੇ ਧਿਆਨ ਦਿਓ:

(1) *ਜੀਅ ਭਿਆਣੇ ਸੇਵਾ* (*13ੳ, ਅ*)। ''ਤਾਂ ਪ੍ਰਭੂ ਨੇ ਆਖਿਆ, ਇਸ ਲਈ ਕਿ ਇਹ ਲੋਕ ਮੇਰੇ ਨੇੜੇ ਆਉਂਦੇ, ਅਤੇ ਆਪਣਿਆਂ ਮੂਹਾਂ ਅਤੇ ਬੁੱਲਾਂ ਨਾਲ ਮੇਰਾ ਆਦਰ ਕਰਦੇ ਹਨ'' (ਆਇਤ 13ੳ )। ਖ਼ੁਦਾ ਆਖ ਰਿਹਾ ਸੀ, ''ਉਹ ਮੇਰੇ ਸਾਹਮਣੇ ਬੋਲਦੇ ਤਾਂ ਬਹੁਤ ਮਿੱਠਾ ਹਨ। ਉਹ ਮੇਰੀ ਵਡਿਆਈ ਕਰਦੇ ਹਨ। ਉਨ੍ਹਾਂ ਦੀਆਂ ਗੱਲਾਂ ਸਹੀ ਲੱਗਦੀਆਂ ਹਨ, *ਪਰ* ...'' ਮਿੱਠੇ ਬੋਲ ਬੋਲਣਾ ਅਤੇ ਖ਼ੁਦਾ ਦੀ ਵਡਿਆਈ ਕਰਨਾ ਸ਼ਾਇਦ ਇਸਰਾਏਲੀਆਂ ਦੀਆਂ ਦੁਆਵਾਂ ਨੂੰ ਕਿਹਾ ਗਿਆ ਹੈ। ਅਧਿਆਇ ਇਕ ਵਿਚ ਖ਼ੁਦਾ ਨੇ ਕਿਹਾ ਸੀ, ''ਜਦ ਤੁਸੀਂ

ਆਪਣੇ ਹੱਥ ਅੱਡੋਗੇ ਤਾਂ ਮੈਂ ਤੁਹਾਥੋਂ ਆਪਣੀ ਅੱਖ ਮੀਚ ਲਵਾਂਗਾ, ਨਾਲੇ ਭਾਵੇਂ ਤੁਸੀਂ ਕਿੰਨੀ ਪ੍ਰਾਰਥਨਾ ਕਰੋ, ਮੈਂ ਨਹੀਂ ਸੁਣਾਂਗਾ, ਤੁਹਾਡੇ ਹੱਥ ਲਹੂ ਨਾਲ ਭਰੇ ਹੋਏ ਹਨ'' (1:15)।

ਆਓ ਯਸਾਯਾਹ 29 ਵੱਲ ਵਾਪਸ ਚਲਦੇ ਹਾਂ: ਆਇਤ 13 ਦੇ ਅਖ਼ੀਰ ਵਿਚ ਖ਼ੁਦਾ ਨੇ ਅੱਗੇ ਕਿਹਾ, ''ਮੇਰਾ ਭੈਅ ਉਨ੍ਹਾਂ ਲਈ ਆਦਮੀਆਂ ਦਾ ਹੁਕਮ ਹੀ ਹੈ'' (ਆਇਤ 13ਏ)। ਇਹ ਗੱਲ ਸਾਡੇ ਲਈ ਹੈ ਜੋ ਬਚਪਨ ਤੋਂ ਹੀ ਕਲੀਸੀਆ ਦੀ ਬੰਦਗੀ ਵਿਚ ਆ ਰਹੇ ਹਾਂ, ਜਿਨ੍ਹਾਂ ਨੂੰ ਜ਼ਬੂਰ ਜ਼ਬਾਨੀ ਯਾਦ ਹਨ, ਜੋ ਬਾਈਬਲ ਦੀਆਂ ਕਿਤਾਬਾਂ ਤੋਂ ਆਪਣੇ ਰਾਹ ਨੂੰ ਜਾਣਦੇ ਹਨ, ਜੋ ਫਟਾਫਟ ਲੰਮੀ ਜਿਹੀ ਦੁਆ ਕਰਨ ਲਈ ਤਿਆਰ ਹੋ ਸਕਦੇ ਹਨ। ਭਲਾ ਸਾਡਾ ਧਰਮ ਨਿੱਜੀ ਹੈ ਜਾਂ ''ਮਨੁੱਖਾਂ ਦੇ ਹੁਕਮ ਸੁਣ ਕੇ'' ਅਜਿਹਾ ਬਣ ਗਿਆ ਹੈ? ਇਸਰਾਏਲ ਦੀ ਰੂਹਾਨੀ ਬੀਮਾਰੀ ਦਾ ਪਹਿਲਾ ਲੱਛਣ ਇਹ ਸੀ ਕਿ ਉਹ ਜੋ ਕੁਝ ਕਰ ਰਹੇ ਸਨ ਉਹ ਮਨੋਂ ਨਹੀਂ ਸਗੋਂ ਲੋਕਾਂ ਨੂੰ ਵਿਖਾਉਣ ਲਈ ਕਰ ਰਹੇ ਸਨ।

(2) *ਗੁਪਤ ਪਾਪ* (*ਆਇਤ* 15)। ਆਇਤ 15 ਦੂਜਾ ਲੱਛਣ ਦੱਸਦੀ ਹੈ: ਉਹ ਅਜਿਹੇ ਕੰਮ ਕਰ ਰਹੇ ਸਨ ਜੋ ਉਨ੍ਹਾਂ ਨੂੰ ਨਹੀਂ ਕਰਨੇ ਚਾਹੀਦੇ ਸਨ, ਪਰ ਉਹ ਅਜਿਹਾ ਇਸ ਕਰਕੇ ਕਰ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਕੋਈ ਉਨ੍ਹਾਂ ਨੂੰ ਵੇਖ ਨਹੀਂ ਸਕਦਾ। ''ਹਾਏ ਉਨ੍ਹਾਂ 'ਤੇ ਜਿਹੜੇ ਯਹੋਵਾਹ ਤੋਂ ਆਪਣੀ ਸਲਾਹ ਡੂੰਘੀ ਰੱਖ ਕੇ ਲੁਕਾਉਂਦੇ ਹਨ! ਜਿਨ੍ਹਾਂ ਦੇ ਕੰਮ ਹਨੇਰੇ ਵਿਚ ਹੁੰਦੇ ਹਨ ਅਤੇ ਜਿਹੜੇ ਆਖਦੇ ਹਨ, ਕੌਣ ਸਾਨੂੰ ਵੇਖਦਾ, ਅਤੇ ਕੌਣ ਸਾਨੂੰ ਜਾਣਦਾ ਹੈ?'' ਬਚਪਨ ਵਿਚ ਸਰ੍ਹਾਣੇ ਹੇਠਾਂ ਟਾਰਚ ਰੱਖ ਕੇ ਚਲਾਕੀ ਨਾਲ ਲੁਕਾਉਣ ਦੀ ਕੋਸ਼ਿਸ਼ ਕਰਨ 'ਤੇ ਮਾਂ ਆਖਦੀ ਹੁੰਦੀ ਸੀ, ''ਪੜ੍ਹਨਾ ਬੰਦ ਕਰਕੇ ਹੁਣ ਸੌਂ ਜਾਓ'' ਤਾਂ ਸਾਨੂੰ ਲੱਗਦਾ ਸੀ ਕਿ ਅਸੀਂ ਮਾਂ ਨੂੰ ਉੱਲੂ ਬਣਾਇਆ ਹੈ, ਪਰ ਹਕੀਕਤ 'ਚ ਅਸੀਂ ਉਹਨੂੰ ਕਦੇ ਬੇਵਕੂਫ਼ ਨਹੀਂ ਬਣਾਇਆ ਸੀ। ਬਹੁਤੇ ਲੋਕਾਂ ਨੂੰ ਲੱਗਦਾ ਹੈ ਕਿ ਗੁਪਤ ਵਿਚ ਪਾਪ ਕਰਕੇ ਉਹ ਖ਼ੁਦਾ ਨੂੰ ਬੇਵਕੂਫ਼ ਬਣਾ ਰਹੇ ਹਨ, ਪਰ ਉਹ ਉਹਨੂੰ ਬੇਵਕੂਫ਼ ਨਹੀਂ ਬਣਾ ਸਕਦੇ। ਖ਼ੁਦਾ ਸਭ ਕੁਝ ਦੇਖਦਾ ਹੈ! ਖ਼ੁਦਾ ਸਭ ਕੁਝ ਜਾਣਦਾ ਹੈ!

(3) *ਉਲਝਣ ਭਰਿਆ ਤਰਕ (ਆਇਤ 16)*। ਤੀਜਾ ਲੱਛਣ ਦੂਜੇ ਦੋਹਾਂ ਲੱਛਣਾਂ ਦਾ ਤਰਕ ਭਰਿਆ ਨਤੀਜਾ ਸੀ ਯਾਨੀ ਉਨ੍ਹਾਂ ਦੀ ਸੋਚ ਪ੍ਰਭਾਵਿਤ ਹੋ ਗਈ ਸੀ। ਆਇਤ 16 ਸ਼ੁਰੂ ਹੁੰਦੀ ਹੈ, ''ਤੁਸੀਂ ਉਲੱਦ-ਪੁਲੱਦ ਕਰਦੇ ਹੋ!'' ਦੂਜੇ ਸ਼ਬਦਾਂ ਵਿਚ ਖ਼ੁਦਾ ਉਨ੍ਹਾਂ ਨੂੰ ਦੱਸ ਰਿਹਾ ਸੀ ਕਿ ''ਤੁਸੀਂ ਉਲਝਣ ਵਿਚ ਪਏ ਹੋਏ ਹੋ!'' ਖ਼ਾਸ ਕਰਕੇ ਉਹ ਇਹ ਸੋਚਣ ਲਗ ਪਏ ਸਨ ਕਿ ਖ਼ੁਦਾ ਇਨਸਾਨ ਵਰਗਾ ਹੈ। ਨਬੀ ਦੇ ਕਹਿਣ ਮੁਤਾਬਕ ਇਹ ਤਾਂ ਉਵੇਂ ਵੀ ਬੇਤੁਕਾ ਹੈ ਜਿਵੇਂ ਮਿੱਟੀ ਆਪਣੇ ਘੁਮਿਆਰ ਤੋਂ ਸਵਾਲ ਪੁੱਛੇ: ''ਕੀ ਘੁਮਿਆਰ ਮਿੱਟੀ ਵਰਗਾ ਗਿਣਿਆ ਜਾਵੇਗਾ, ਭਈ ਬਣੀ ਹੋਈ ਚੀਜ਼ ਆਪਣੇ ਬਣਾਉਣ ਵਾਲੇ ਵਿਖੇ ਆਖੇ, ਉਸ ਮੈਨੂੰ ਨਹੀਂ ਬਣਾਇਆ, ਜਾਂ ਘੜਤ ਘੜਨ ਵਾਲੇ ਵਿਖੇ ਆਖੇ, ਉਸ ਨੂੰ ਕੋਈ ਮੱਤ ਨਹੀਂ?'' (ਆਇਤ 16 ਅ)। ਘੁਮਿਆਰ ਨੇ ਤਾਂ ਉਹਨੂੰ ਬਣਾਇਆ ਹੈ, ਜਿਸ ਕਰਕੇ ਉਹ ਜਿਵੇਂ ਚਾਹੇ ਉਸ ਮਿੱਟੀ ਨੂੰ ਰੂਪ ਦੇ ਦਿੰਦਾ ਹੈ। ਪਰ ਜਦ ਲੋਕ ਆਪਣਾ ਦਿਲ ਸਖ਼ਤ ਕਰ ਲੈਂਦੇ ਹਨ, ਤਾਂ ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ 'ਤੇ ਕੰਟਰੋਲ ਕਰਨ ਦਾ ਖ਼ੁਦਾ ਨੂੰ ਕੋਈ ਇਖ਼ਤਿਆਰ ਨਹੀਂ ਹੈ।

ਲੱਛਣਾਂ 'ਤੇ ਧਿਆਨ ਕਰਨ 'ਤੇ ਬਾਅਦ ਆਓ ਇਲਾਜ ਲਈ ਆਇਤ 13 ਦੇ ਵਿਚਕਾਰ ਚਲਦੇ ਹਾਂ: ''ਪਰ ਉਨ੍ਹਾਂ ਦਾ *ਦਿਲ* ਮੈਥੋਂ ਦੂਰ ਹੈ'' (ਆਇਤ 13ਅ)। ਖ਼ੁਦਾ ਦਾ ਕਹਿਣਾ ਸੀ ਕਿ ਲੋਕਾਂ ਨੂੰ ਦਿਲ ਦਾ ਰੋਗ ਹੋ ਗਿਆ ਹੈ।

ਤੁਹਾਡੇ ਦਿਲ ਦੀ ਬੀਮਾਰੀ ਨੂੰ ਸ਼ਾਇਦ ਹੋਰ ਕੋਈ ਨਹੀਂ ਦੱਸ ਸਕਦਾ। ਲੰਮੀਆਂ-ਲੰਮੀਆਂ ਦੁਆਵਾਂ ਕਰਨ ਵਾਲੇ, ਸੁਰੀਲੀ ਅਵਾਜ਼ ਵਿਚ ਗਾਉਣ ਵਾਲੇ, ਲੋਕਾਂ ਦੀ ਭੀੜ ਨੂੰ ਆਪਣੀਆਂ ਗੱਲਾਂ ਨਾਲ ਮੋਹ ਲੈਣ ਵਾਲੇ ਹੀ ਦਿਲ ਦੇ ਸਭ ਤੋਂ ਵੱਡੇ ਮਰੀਜ਼ ਹੋ ਸਕਦੇ ਹਨ। ਜਿਸਮਾਨੀ ਤੌਰ 'ਤੇ ਦਿਲ ਦਾ ਦੌਰਾ ਪੈਣ 'ਤੇ ਤੁਸੀਂ ਕਹਿ ਸਕਦੇ ਹੋ ਕਿ ਮੈਨੂੰ ਦਿਲ ਦਾ ਦੌਰਾ ਪਿਆ, ਪਰ ਮੇਰੇ ਸਖ਼ਤ ਦਿਲ ਨੂੰ ਵੇਖ ਕੇ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਮੈਂ ਮਰੀਜ਼ ਹਾਂ। ਮੈਂ ਤੁਹਾਨੂੰ ਗੁਮਰਾਹ ਕਰ ਰਿਹਾ ਹੋ ਸਕਦਾ ਹਾਂ, ਅਤੇ ਤੁਸੀਂ ਮੈਨੂੰ ਗੁਮਰਾਹ ਕਰ ਰਹੇ ਹੋ ਸਕਦੇ ਹੋ; ਪਰ ਸਾਡੇ ਵਿੱਚੋਂ ਕੋਈ ਵੀ ਖ਼ੁਦਾ ਨੂੰ ਧੋਖਾ ਨਹੀਂ ਦੇ ਸਕਦਾ। ਉਹਨੇ ਯਸਾਯਾਹ ਦੇ ਸਮੇਂ ਲੋਕਾਂ ਦੇ ਦਿਲ ਦੀ ਹਾਲਤ ਵੇਖ ਲਈ ਸੀ ਅਤੇ ਅੱਜ ਵੀ ਉਹ ਹਰ ਬੰਦੇ ਦੇ ਦਿਲ ਦੀ ਹਾਲਤ ਵੇਖ ਸਕਦਾ ਹੈ।

## ਮੱਤੀ 15

ਹੋ ਸਕਦਾ ਹੈ ਕਿ ਤੁਸੀਂ ਇਤਰਾਜ਼ ਕਰੋ, ''ਪਰ ਇਹ ਤਾਂ ਪੁਰਾਣੇ ਨੇਮ ਦੀ ਗੱਲ ਹੈ। ਇਹ ਤਾਂ ਯਹੂਦੀਆਂ ਲਈ ਲਿਖਿਆ ਗਿਆ ਸੀ। ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਇਹ ਸਾਡੇ 'ਤੇ ਲਾਗੂ ਹੁੰਦਾ ਹੈ?'' ਆਓ ਨਵੇਂ ਨੇਮ ਵਿਚ ਮੱਤੀ 15 ਅਧਿਆਇ ਖੋਲ੍ਹਦੇ ਹਾਂ। ਨਬੀ ਵੱਲੋਂ ਯਸਾਯਾਹ 29 ਲਿਖੇ ਜਾਣ ਦੇ ਸਦੀਆਂ ਬਾਅਦ, ਧਰਮੀ ਨਜ਼ਰ ਆਉਣ ਵਾਲੇ ਅਤੇ ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਵਾਲੇ ਲੋਕਾਂ ਲਈ, ਜਿਨ੍ਹਾਂ ਦੇ ਦਿਲ ਸਾਫ਼ ਨਹੀਂ ਸਨ, ਇਹ ਗੱਲਾਂ ਲਾਗੂ ਹੁੰਦੀਆਂ ਸਨ। ਇਸੇ ਕਰਕੇ ਯਿਸੂ ਨੇ ਆਪਣੇ ਸਭ ਤੋਂ ਢੀਠ ਅਲੋਚਕਾਂ, ਗ੍ਰੰਥੀਆਂ ਅਤੇ ਫ਼ਰੀਸੀਆਂ ਦਾ ਸਾਹਮਣਾ ਕਰਦੇ ਹੋਏ ਯਸਾਯਾਹ ਦੇ ਸ਼ਬਦਾਂ ਵਿੱਚੋਂ ਲਿਆ।

''ਤਦ ਫ਼ਰੀਸੀਆਂ ਅਰ ਗ੍ਰੰਥੀਆਂ ਨੇ ਯਰੂਸ਼ਲਮ ਤੋਂ ਯਿਸੂ ਦੇ ਕੋਲ ਆਣ ਕੇ ਕਿਹਾ। ਤੇਰੇ ਚੇਲੇ ਵੱਡਿਆਂ ਦੀ ਰੀਤ ਦੀ ਕਿਉਂ ਉਲੰਘਣਾ ਕਰਦੇ ਹਨ ਕਿ ਰੋਟੀ ਖਾਣ ਦੇ ਵੇਲੇ ਹੱਥ ਨਹੀਂ ਧੋਂਦੇ?'' (ਆਇਤਾਂ 1, 2) ਦਿਲ ਦੀ ਬਜਾਏ ਬਾਹਰੋਂ ਯਾਨੀ ਸ਼ਕਲ ਵੇਖਣ ਦੀ ਬੇਹਤਰੀਨ ਮਿਸਾਲ ਹੈ। ਯਿਸੂ ਨੇ ਜਵਾਬ ਦਿੱਤਾ:

> ਤੁਸੀਂ ਵੀ ਕਿਉਂ ਆਪਣੀ ਰੀਤ ਨਾਲ ਪ੍ਰਮੇਸ਼ਵਰ ਦੇ ਹੁਕਮ ਨੂੰ ਉਲੰਘਣ ਕਰਦੇ ਹੋ? ਕਿਉਂ ਜੋ ਪ੍ਰਮੇਸ਼ਵਰ ਨੇ ਫ਼ਰਮਾਇਆ ਕਿ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ ਅਤੇ ਜਿਹੜਾ ਪਿਤਾ ਯਾ ਮਾਤਾ ਨੂੰ ਮੰਦਾ ਬੋਲੇ ਉਹ ਜਾਨੋਂ ਮਾਰਿਆ ਜਾਵੇ। ਪਰ ਤੁਸੀਂ ਆਖਦੇ ਹੋ ਭਈ ਜਿਹੜਾ ਪਿਤਾ ਯਾ ਮਾਤਾ ਨੂੰ ਕਹੇ ਕਿ ਜੋ ਕੁਝ ਮੇਰੇ ਕੋਲੋਂ ਤੈਨੂੰ ਲਾਭ ਹੋ ਸਕਦਾ ਸੀ ਸੋ ਭੇਟ ਹੋ ਗਿਆ, ਉਹ ਆਪਣੇ ਪਿਤਾ ਯਾ ਮਾਤਾ ਦਾ ਆਦਰ ਨਾ ਕਰੇ। ਐਉਂ ਤੁਸਾਂ ਆਪਣੀ ਰੀਤ ਨਾਲ ਪ੍ਰਮੇਸ਼ਵਰ ਦੇ ਵਚਨ ਨੂੰ ਅਕਾਰਥ ਕਰ ਦਿੱਤਾ (ਆਇਤਾਂ 3-6)।

ਯੂਨਾਨੀ ਸ਼ਬਦ ਦਾ ਅਨੁਵਾਦ ''ਅਕਾਰਥ ਕਰ ਦਿੱਤਾ'' ''ਇਖ਼ਤਿਆਰ'' *(kuros)* ਲਈ ਇਸ ਸ਼ਬਦ ਦੇ ਕ੍ਰਿਆ ਰੂਪ ਤੋਂ ਨਿੱਕਲਿਆ ਹੈ। ਇਸ ਸ਼ਬਦ ਤੋਂ ਪਹਿਲਾਂ ਅਲਫ਼ਾ[4] ਹੈ ਜੋ ਸਾਡੇ ਅਗੇਤਰ ਸ਼ਬਦ *ਅਣ* ਅਤੇ *ਗ਼ੈਰ* ਵਾਂਗ ਹੀ ਹੈ; ਜਿਸ ਨਾਲ ਸ਼ਬਦ ਦਾ ਅਰਥ ਉਲਟ ਹੋ ਜਾਂਦਾ ਹੈ। ਇਸ ਕਰਕੇ ਯਿਸੂ ਆਖ ਰਿਹਾ ਸੀ, ''ਤੁਸੀਂ ਆਪਣੀ ਰਵਾਇਤ ਨਾਲ ਖ਼ੁਦਾ ਦੇ ਵਚਨ ਨੂੰ ਅਣ ਅਧਿਕਾਰਿਤ ਕਰ ਦਿੱਤਾ ਹੈ।''

ਯਿਸੂ ਨੇ ਕਹਾਣੀ ਅੱਗੇ ਤੋਰੀ ਰੱਖੀ, ''ਹੇ ਕਪਟੀਓ!'' (ਆਇਤ 7ੳ) ਤੁਸੀਂ ਕਿਸੇ ਨੂੰ

ਆਖ਼ਰੀ ਵਾਰ ''ਹੇ ਕਪਟੀ'' ਕਦ ਕਿਹਾ ਸੀ? ਸ਼ਾਇਦ ਤੁਹਾਡੀ ਜ਼ਿੰਦਗੀ ਵਿਚ ਅਜਿਹਾ ਵਕਤ ਕਦੇ ਨਹੀਂ ਆਇਆ, ਬੇਸ਼ੱਕ ਅਜਿਹਾ ਵਕਤ ਜ਼ਰੂਰ ਆਇਆ ਹੋਵੇਗਾ ਜਿਸ ਵਿਚ ਇਹ ਕਹਿਣਾ ਸਹੀ ਹੋਵੇ। ਆਮ ਤੌਰ 'ਤੇ ਅਸੀਂ ਦੂਜਿਆਂ ਨੂੰ ਕਪਟੀ ਨਹੀਂ ਆਖ ਸਕਦੇ, ਕਿਉਂਕਿ ਸਾਨੂੰ ਪੱਕਾ ਪਤਾ ਨਹੀਂ ਹੁੰਦਾ ਕਿ ਉਹ ਕਪਟੀ ਹਨ ਵੀ ਜਾਂ ਨਹੀਂ, ਪਰ ਯਿਸੂ ਕਿਸੇ ਨੂੰ ਕਪਟੀ ਆਖ ਸਕਦਾ ਸੀ। ਯਿਸੂ ਨੇ ਆਪਣੇ ਅਲੋਚਕਾਂ ਦੇ ਮਨ 'ਚ ਝਾਕ ਕੇ, ਅਸਲ ਵਿਚ ਕਿਹਾ ਕਿ ''ਤੁਸੀਂ ਲੋਕ ਦਿਖਾਵਟੀ ਗੱਲਾਂ ਵਿਚ ਪਏ ਹੋਏ ਹੋ, ਅਤੇ ਤੁਸੀਂ ਉਨ੍ਹਾਂ ਲੋਕਾਂ ਦੀ ਅਲੋਚਨਾ ਕਰਦੇ ਹੋ ਜੋ ਤੁਹਾਡੀਆਂ ਰਵਾਇਤਾਂ ਨੂੰ ਨਹੀਂ ਮੰਨਦੇ; ਪਰ ਅੰਦਰੋਂ ਤੁਹਾਨੂੰ ਖ਼ੁਦਾ ਨਾਲ ਸੱਚੀ ਲਗਨ ਨਹੀਂ ਹੈ। ਤੁਹਾਡਾ ਦਿਲ ਸੜਿਆ ਹੋਇਆ ਹੈ ਭਾਵ ਬੀਮਾਰ ਹੈ!''

ਮੱਤੀ 15:7ਅ-9 ਵਿਚ ਯਿਸੂ ਨੇ ਓਹੀ ਆਇਤਾ ਦੁਹਰਾਈਆਂ ਜਿਹੜੀਆਂ ਅਸੀਂ ਯਸਾਯਾਹ 29 ਵਿਚ ਵੇਖੀਆਂ ਸਨ: ''ਯਸਾਯਾਹ ਨੇ ਤੁਹਾਡੇ ਵਿਖੇ ਠੀਕ ਅਗੰਮ ਵਾਕ ਕੀਤਾ ਹੈ ਕਿ ਇਹ ਲੋਕ ਆਪਣੇ ਬੁੱਲ੍ਹਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਇਨ੍ਹਾਂ ਦਾ ਦਿਲ ਮੈਥੋਂ ਦੂਰ ਹੈ। ਉਹ ਵਿਰਥਾ ਮੇਰੀ ਉਪਾਸਨਾ ਕਰਦੇ ਹਨ, ਉਹ ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦਿੰਦੇ ਹਨ।'' ਉਸ ਸਭ ਤੋਂ ਵੱਡੇ ਵੈਦ ਨੇ ਉਨ੍ਹਾਂ ਲੋਕਾਂ ਦੀ ਜਾਂਚ ਕਰਕੇ ਉਨ੍ਹਾਂ ਦਾ ਇਲਾਜ ਕੀਤਾ: ''ਜੇ ਤੁਸੀਂ ਛੇਤੀ ਨਹੀਂ ਕਰਦੇ ਤਾਂ ਕੁਝ ਵੀ ਹੋ ਸਕਦਾ ਹੈ। ਉਮੀਦ ਕੋਈ ਨਹੀਂ ਹੈ। ਤੁਹਾਨੂੰ ਦਿਲ ਦੀ ਬੀਮਾਰੀ ਹੈ ਅਤੇ ਬਹੁਤ ਵੱਡਾ ਅਟੈਕ ਹੋਣ ਵਾਲਾ ਹੈ!''

ਫ਼ਰੀਸੀਆਂ ਵੱਲੋਂ ਮੂੰਹ ਕਰਕੇ ਯਿਸੂ ਉੱਥੇ ਮੌਜੂਦ ਲੋਕਾਂ ਵੱਲ ਨੂੰ ਮੂੰਹ ਕਰਕੇ ਕਹਿਣ ਲੱਗਾ, ''ਸੁਣੋ ਅਤੇ ਸਮਝੋ ਕਿ ਜੋ ਕੁਝ ਮੂੰਹ ਵਿਚ ਜਾਂਦਾ ਹੈ ਸੋ ਮਨੁੱਖ ਨੂੰ ਭ੍ਰਿਸ਼ਟ ਨਹੀਂ ਕਰਦਾ ਬਲਕਿ ਜੋ ਮੂੰਹੋਂ ਨਿੱਕਲਦਾ ਹੈ ਉਹੀ ਮਨੁੱਖ ਨੂੰ ਭ੍ਰਿਸ਼ਟ ਕਰਦਾ ਹੈ'' (ਆਇਤਾਂ 10ਅ, 11)। ਕਿਤਾਬਾਂ ਦੀ ਦੁਕਾਨ 'ਤੇ ਜਾਣ 'ਤੇ ਤੁਹਾਨੂੰ ਮੂੰਹ *ਵਿਚ* ਜਾਣ ਵਾਲੀਆਂ ਚੀਜ਼ਾਂ ਭਾਵ ਪਾਕ-ਕਲਾ, ਖ਼ੁਰਾਕ ਸਬੰਧੀ ਢੇਰਾਂ ਕਿਤਾਬਾਂ ਮਿਲ ਜਾਣਗੀਆਂ, ਪਰ ਮੂੰਹ *'ਚੋਂ ਬਾਹਰ* ਆਉਣ ਵਾਲੀਆਂ ਚੀਜ਼ਾਂ 'ਤੇ ਸ਼ਾਇਦ ਹੀ ਕੋਈ ਕਿਤਾਬ ਮਿਲੇ। ਜੋ ਕੁਝ ਮੂੰਹ ਦੇ ਅੰਦਰ ਜਾਂਦਾ ਹੈ ਉਹ ਮਹੱਤਵਪੂਰਨ ਹੈ, ਜੋ ਮੂੰਹ 'ਚੋਂ ਨਿੱਕਲਦਾ ਹੈ ਉਹ ਉਸ ਤੋਂ ਵੀ ਮਹੱਤਵਪੂਰਨ ਹੈ ਕਿਉਂਕਿ ਸਾਡੀਆਂ ਗੱਲਾਂ ਤੋਂ ਹੀ ਪਤਾ ਲਗਦਾ ਹੈ ਕਿ ਸਾਡੇ ਦਿਲ 'ਚ ਕੀ ਹੈ (ਲੂਕਾ 6:45)।

ਯਿਸੂ ਨੇ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ਦਿਲ ਵਿਚ ਝਾਕ ਕੇ ਅਜਿਹਾ ਹੀ ਐਲਾਨ ਕੀਤਾ ਸੀ, ''ਤੁਹਾਡੀ ਤਕਲੀਫ਼ ਬੰਦਗੀ ਦੀ ਨਹੀਂ ਹੈ; ਤੁਹਾਡੀ ਤਕਲੀਫ਼ ਸਿੱਖਿਆ ਦੀ ਮੁਸ਼ਕਿਲ ਵੀ ਨਹੀਂ ਹੈ; ਤੁਹਾਡੀ ਤਕਲੀਫ਼ ਤਾਂ ਦਿਲ ਦੀ ਹੈ!''

ਜੇ ਲੋਕ ਬੰਦਗੀਆਂ ਵਿਚ ਈਮਾਨ ਨਾਲ ਨਹੀਂ ਆਉਂਦੇ ਤਾਂ ਇਹ ਬੰਦਗੀ ਵਿਚ ਹਾਜ਼ਰੀ ਦੀ ਓਨੀ ਨਹੀਂ ਜਿੰਨੀ ਦਿਲ ਦਾ ਮਰਜ਼ ਹੈ। ਓਨਾ ਚੰਦਾ ਨਾ ਹੋਣ 'ਤੇ ਜਿੰਨਾ ਹੋਣਾ ਚਾਹੀਦਾ ਹੈ, ਮੈਨੂੰ ਦੁੱਖ ਹੁੰਦਾ ਹੈ। ਇਸ ਨਾਲ ਕਲੀਸੀਆ ਦੇ ਕੰਮ 'ਤੇ ਅਸਰ ਪੈਂਦਾ ਹੈ। ਪਰ ਜਦ ਦਿਨ-ਬ-ਦਿਨ ਸਾਡਾ ਚੰਦਾ ਘਟਦਾ ਜਾਵੇ ਤਾਂ ਸਾਡੀ ਮੁਸ਼ਕਿਲ ਚੰਦਾ ਦੇਣ ਦੀ ਨਹੀਂ ਸਗੋਂ ਦਿਲ ਦੀ ਤਕਲੀਫ਼ ਦੀ ਹੈ। ਜਦ ਅਸੀਂ ਆਪਣੀ ਔਕਾਤ ਮੁਤਾਬਕ ਸਿੱਖਿਆ ਅਤੇ ਬਪਤਿਸਮਾ ਦੇਣ ਦਾ ਕੰਮ ਨਹੀਂ ਕਰਦੇ ਤਾਂ ਮੈਨੂੰ ਦੁੱਖ ਹੁੰਦਾ ਹੈ। ਪਰ ਫੇਰ ਆਖਦਾ ਹਾਂ ਕਿ ਇਹ ਰੂਹਾਂ ਨੂੰ ਜਿੱਤਣ ਦੀ ਮੁਸ਼ਕਿਲ ਨਹੀਂ ਹੈ। ਇਹ ਤਾਂ ਸਾਡੇ ਦਿਲ ਦੀ ਤਕਲੀਫ਼ ਹੈ।

# ਸਾਰ

ਨਾ ਤਾਂ ਮੈਂ ਤੁਹਾਡੇ ਦਿਲ ਵਿਚ ਕਿਸੇ ਤਰ੍ਹਾਂ ਝਾਕ ਸਕਦਾ ਹਾਂ ਅਤੇ ਨਾ ਹੀ ਤੁਸੀਂ ਕਿਸੇ ਵੀ ਤਰ੍ਹਾਂ ਮੇਰੇ ਦਿਲ ਵਿਚ ਝਾਕ ਸਕਦੇ ਹੋ। ਅਖ਼ੀਰ ਇਹ ਮਾਮਲਾ ਹਰ ਬੰਦੇ ਅਤੇ ਖ਼ੁਦਾ ਦੇ ਦਰਮਿਆਨ ਚਲਿਆ ਜਾਂਦਾ ਹੈ। ਮੇਰੇ ਦਿਲ ਦਾ ਅਕਾਰ ਕਿਹੋ ਜਿਹਾ ਹੈ? ਤੁਹਾਡੇ ਦਿਲ ਦਾ ਅਕਾਰ ਕਿਹੋ ਜਿਹਾ ਹੈ? ਹੇਠਾਂ ਕੁਝ ਖੋਜ ਭਰਪੂਰ ਸਵਾਲ ਦਿੱਤੇ ਗਏ ਹਨ ਜੋ ਇਹ ਸਭ ਜਾਣਨ ਵਿਚ ਸਾਡੀ ਮਦਦ ਕਰ ਸਕਦੇ ਹਨ:

1. ਭਲਾ ਮੈਂ ਬੰਦਗੀ ਵਿਚ ਲੋਕਾਚਾਰੀ ਹੀ ਜਾਂਦਾ ਹਾਂ।

2. ਭਲਾ ਦੁਆ ਮੇਰੇ ਲਈ ਬੇਅਰਥੇ ਸ਼ਬਦਾਂ ਨੂੰ ਬੋਲਣਾ ਜਾਂ ਸਿਰਫ਼ ਮੂੰਹ ਨਾਲ ਬਕ-ਬਕ ਕਰਨਾ ਹੀ ਹੈ?

3. ਭਲਾ ਖ਼ੁਦਾ ਮੈਥੋਂ ਦੂਰ ਲਗਦਾ ਹੈ ਭਾਵ ਮੇਰੀਆਂ ਲੋੜਾਂ ਤੋਂ ਦੂਰ ਹੈ?

4. ਭਲਾ ਮੈਂ ਦੁਨਿਆਵੀ ਗੱਲਾਂ ਨਾਲ ਐਨਾ ਘਿਰ ਗਿਆ ਹਾਂ ਕਿ ਮੈਂ ਇਹ ਸਭ ਚੀਜ਼ਾਂ ਦੇਣ ਵਾਲੇ ਨੂੰ ਭੁੱਲ ਬੈਠਾਂ ਹਾਂ?

5. ਭਲਾ ਮੈਂ ਖ਼ੁਦਾ ਦੇ ਇਖ਼ਤਿਆਰ ਅਤੇ ਉਹਦੇ ਵਚਨ ਨਾਲੋਂ ਵਧ ਕੇ ਆਪਣੀ ਇੱਛਾ ਨੂੰ ਅੱਗੇ ਰੱਖਿਆ ਹੈ?

6. ਭਲਾ ਮੇਰੇ ਦਿਲ ਅਤੇ ਜ਼ਿੰਦਗੀ ਵਿਚ ਬੁਰਾਈ ਨੂੰ ਬ੍ਰਦਾਸ਼ਤ ਕੀਤਾ ਜਾ ਰਿਹਾ ਹੈ ਇੱਥੋਂ ਤਕ ਕਿ ਉਹਨੂੰ ਵਧਣ ਦਿੱਤਾ ਜਾ ਰਿਹਾ ਹੈ?

7. ਭਲਾ ਇਸੇ ਹਾਲਤ ਵਿਚ ਰਹਿੰਦਿਆਂ ਮੈਨੂੰ ਐਨਾ ਵਕਤ ਹੋ ਚੁਕਾ ਹੈ ਕਿ ਹੁਣ ਮੈਨੂੰ ਇਨ੍ਹਾਂ ਨਾਲ ਕੋਈ ਦਿੱਕਤ ਨਹੀਂ ਆਉਂਦੀ? ਭਲਾ ਮੇਰਾ ਦਿਲ ਹੋਰ ਸਖ਼ਤ ਹੁੰਦਾ ਜਾ ਰਿਹਾ ਹੈ?

ਮਾਸ ਦੇ ਉਸ ਖੋਲ ਬਾਰੇ ਧਿਆਨ ਕਰੋ ਜੋ ਤੁਹਾਡੀ ਦੇਹ ਵਿਚ ਖ਼ੂਨ ਦਾ ਸੰਚਾਰ ਕਰਦਾ ਹੈ। ਪੂਰੀ ਜਿਸਮਾਨੀ ਜ਼ਿੰਦਗੀ ਮਾਸ ਦੇ ਉਸ ਛੋਟੇ ਜਿਹੇ ਲੋਥੜੇ 'ਤੇ ਟਿਕੀ ਹੋਈ ਹੈ। ਹੁਣ ਉਸ ਦਿਲ 'ਤੇ ਵਿਚਾਰ ਕਰੋ ਜਿਹਨੂੰ ਬਾਈਬਲ ਅੰਤਹਕਰਨ ਵੀ ਆਖਦੀ ਹੈ। ਜਿਸ ਤੋਂ ਤੁਹਾਨੂੰ ਰੂਹਾਨੀ ਜ਼ਿੰਦਗੀ ਮਿਲਦੀ ਹੈ ਅਤੇ ਹੁਣ ਉਹ ਬੀਮਾਰ ਹੈ। ਜੇ ਤੁਸੀਂ ਖ਼ੁਦਾ ਦੀ ਮਦਦ ਨਾਲ ਉਹਦਾ ਕੁਝ ਕਰਦੇ ਨਹੀਂ ਤਾਂ ਇਹਦੀ ਰੂਹਾਨੀ ਮੌਤ ਪੱਕੀ ਹੈ।

ਖ਼ੁਦਾ ਤੁਹਾਡਾ ਸਖ਼ਤ, ਬੀਮਾਰ ਦਿਲ ਲੈ ਕੇ ਇਸ ਨੂੰ ਫ਼ੇਰ ਤੋਂ ਜ਼ਿੰਦਗੀ ਦੇ ਸਕਦਾ ਹੈ। ਮਸੀਹ ਦਾ ਲਹੂ ਤੁਹਾਡੇ ਦਿਲ ਨੂੰ ਧੋ ਕੇ ਫੇਰ ਤੋਂ ਸਾਫ਼ ਕਰ ਸਕਦਾ ਹੈ। ਪਰ ਸ਼ੁਰੂਆਤ ਤੁਹਾਡੇ ਸਮਰਪਣ ਨਾਲ ਹੀ ਹੋਵੇਗੀ। ਭਲਾ ਤੁਸੀਂ ਆਪਣੇ ਆਪ ਨੂੰ ਪ੍ਰਭੂ ਅੱਗੇ ਸਮਰਪਿਤ ਕਰੋਗੇ? ਜੇ ਤੁਸੀਂ ਮਸੀਹ ਵਿਚ ਬਪਤਿਸਮਾ ਨਹੀਂ ਲਿਆ, ਤਾਂ ਅੱਜ ਹੀ ਕਿਉਂ ਨਹੀਂ ਲੈ ਲੈਂਦੇ (ਮਰਕੁਸ 16:16; ਰਸੂਲਾਂ ਦੇ ਕੰਮ 2:38)? ਜੇ ਤੁਹਾਨੂੰ ਪ੍ਰਭੂ ਕੋਲ ਵਾਪਸ ਆਉਣ ਦੀ ਲੋੜ ਹੈ, ਤਾਂ ਹੁਣੇ ਵਕਤ ਹੈ (ਰਸੂਲਾਂ ਦੇ ਕੰਮ 8:22, 23; ਯਾਕੂਬ 5:16)।

ਟਿੱਪਣੀਆਂ

[1]ਇਹ ਪਾਠ ਕਈ ਸਾਲ ਪਹਿਲਾਂ ਚਾਰਲਸ ਸਵਿੰਡੌਲ ਵੱਲੋਂ ਦਿੱਤੇ ਰੇਡੀਓ ਸੰਦੇਸ਼ ’ਤੇ ਅਧਾਰਤ ਹੈ। [2]ਰਾਬਰਟ ਬੇਕਰ ਗਰਡਲਸ ਸਟੋਨ, *ਸਿਨੋਨਿਮਸ ਆਫ਼ ਦ ਓਲਡ ਟੈਸਟਾਮੈਂਟ* (ਪੰਨਾ ਰਹਿਤ: 1897; ਰੀਪ੍ਰੋਡਕਸ਼ਨ, ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., ਮਿਤੀ ਰਹਿਤ ), 65. [3]*ਥਿਓਲੋਜੀਕਲ ਡਿਕਸ਼ਨਰੀ ਆਫ ਦ ਨਿਊ ਟੈਸਟਾਮੈਂਟ,* ਸੰਪਾ. ਗਰਹਰਡ ਕਿੱਟਲ, ਅਨੁਵਾਦ ਅਤੇ ਸੰਪਾ. ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1965), 3:611-12 ਵਿਚ ਜੋਹੇਨਸ ਬੈਹਮ, ‘‘ਕਾਰਡੀਆ।’’ [4]‘‘ਓ’’ ਵਾਂਗ ਅਲਫ਼ਾ ਯੂਨਾਨੀ ਵਰਣਮਾਲਾ ਦਾ ਪਹਿਲਾ ਅੱਖਰ ਹੈ।

© 2009 Truth for Today